
ਝੋਨੇ ਨੂੰ ਸਿਫ਼ਾਰਿਸ਼ ਸਮੇਂ ਤੋਂ ਬਾਅਦ ਅਤੇ ਨਿਰਧਾਰਿਤ ਮਾਤਰਾ ਤੋਂ ਵੱਧ ਯੂਰੀਆ ਖਾਦ ਨਾ ਪਾਓ ਅਤੇ

ਖੇਤੀ ਖ਼ਰਚੇ ਘਟਾਓ।

ਚੰਗੀ ਸਿਹਤ
ਚੰਗੀ ਸੋਚ
ਤੰਦਰੁਸਤ PUNJAB

# ਕਿਸਾਨ ਵੀਰੋ ਸੰਭਲੋ

- ਝੋਨੇ ਨੂੰ ਵਧੇਰੇ ਯੂਰੀਆ ਪਾ ਕੇ ਪੱਤਿਆਂ ਨੂੰ ਜ਼ਿਆਦਾ ਕਾਲਾ ਕਰਨ ਨਾਲ ਝਾੜ ਨਹੀਂ ਵੱਧਦਾ, ਸਗੋਂ ਇਹ ਕਾਲੇ ਪੱਤੇ ਕੀੜਿਆਂ ਅਤੇ ਬੀਮਾਰੀਆਂ ਨੂੰ ਵਧੇਰੇ ਸੱਦਾ ਦਿੰਦੇ ਹਨ।
- ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਦੀ ਫਸਲ ਲਈ ਕੇਵਲ ਦੋ ਥੈਲੇ ਯੂਰੀਆ ਖਾਦ ਪ੍ਰਤੀ ਏਕੜ ਦੀ ਹੀ ਸਿਫ਼ਾਰਿਸ਼ ਕੀਤੀ ਹੈ।
- ਝੋਨੇ ਨੂੰ ਪਨੀਰੀ ਲਾਉਣ ਤੋਂ 45 ਦਿਨਾਂ ਬਾਅਦ ਪਾਈ ਯੂਰੀਆ ਖਾਦ ਦਾ ਝੋਨੇ ਨੂੰ ਕੋਈ ਲਾਭ ਨਹੀਂ ਹੁੰਦਾ ਸਗੋਂ ਨੁਕਸਾਨ ਹੁੰਦਾ ਹੈ।
- ਸਿਫ਼ਾਰਿਸ਼ ਤੋਂ ਵੱਧ ਮਾਤਰਾ ਵਿੱਚ ਪਾਈ ਯੂਰੀਆ ਖਾਦ ਹਾਨੀਕਾਰਕ ਕੀੜਿਆਂ (ਤੇਲਾ) ਅਤੇ ਬੀਮਾਰੀਆਂ ਨੂੰ ਸੱਦਾ ਦਿੰਦੀ ਹੈ।
- ਵੱਧ ਮਾਤਰਾ ਵਿੱਚ ਵਰਤੀ ਗਈ ਯੂਰੀਆ ਖਾਦ ਨਾਲ ਕਿਸਾਨ ਦਾ ਖ਼ਰਚਾ ਵੱਧਦਾ ਹੈ ਅਤੇ ਮੁਨਾਫਾ ਘੱਟ ਹੁੰਦਾ ਹੈ।
- ਵੱਧ ਮਾਤਰਾ ਵਿੱਚ ਵਰਤੀ ਗਈ ਖਾਦ ਧਰਤੀ ਅਤੇ ਵਾਤਾਵਰਣ ਨੂੰ ਦੂਸ਼ਿਤ ਕਰਦੀ ਹੈ।




## ਮਿਸ਼ਨ ਤੰਦਰੁਸਤ ਪੰਜਾਬ, ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪੰਜਾਬ

ਨੋਟ: ਕਿਸਾਨ ਹੋਰ ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰਨ:

ਅੰਮ੍ਰਿਤਸਰ 93577 55200, ਬਰਨਾਲਾ 99150 67205, ਬਠਿੰਡਾ 94170 81179, ਫਰੀਦਕੋਟ 99150 67205, ਫਤਿਹਗੜ੍ਹ ਸਾਹਿਬ 98763 80887, ਫਾਜ਼ਿਲਕਾ 81461 00798, ਫਿਰੋਜ਼ਪੁਰ 94632 92725, ਗੁਰਦਾਸਪੁਰ 98153 64641, ਹੁਸ਼ਿਆਰਪੁਰ 97811 26253, ਜਲੰਧਰ 98143 35432, ਕਪੂਰਥਲਾ 98143 35432, ਲੁਧਿਆਣਾ 94171 37330, ਮਾਨਸਾ 94170 81179, ਸ਼੍ਰੀ ਮੁਕਤਸਰ ਸਾਹਿਬ 81461 00798, ਮੋਗਾ 94171 37330, ਨਵਾਂ ਸ਼ਹਿਰ 88720 26526, ਪਟਿਆਲਾ 99881 61172, ਪਠਾਨਕੋਟ 98153 64641, ਰੋਪੜ 98763 80887, ਸੰਗਰੂਰ 98886 74820, ਐਸ.ਏ.ਐਸ.ਨਗਰ 98766 44648, ਤਰਨ ਤਾਰਨ 98149 19069

ਵਧੇਰੇ ਜਾਣਕਾਰੀ ਲਈ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ ਨੰਬਰ 1800-180-1551 ਤੇ ਸਵੇਰੇ 6.00 ਵਜੇ ਤੋਂ ਰਾਤ ਦੇ 10-00 ਵਜੇ ਤੱਕ ਮੁਫਤ ਸਲਾਹ ਲੈ ਸਕਦੇ ਹੋ।

# ਕਿਸਾਨ ਵੀਰੋ ਸਾਵਧਾਨ

- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਦਾਣੇਦਾਰ ਕਾਰਟਾਪ ਅਤੇ ਫਿਪਰੋਨਿਲ ਦਵਾਈਆਂ ਦੀ ਝੋਨੇ ਲਈ ਸਿਫਾਰਿਸ਼ ਨਹੀ ਕੀਤੀ ਗਈ ਹੈ।
- ਇਸ ਕਰਕੇ ਝੋਨੇ ਲਈ ਇਨ੍ਹਾਂ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਬਿਲਕੁਲ ਨਾ ਕਰੋ ਅਤੇ ਖੇਤੀ ਖਰਚੇ ਘਟਾਓ।

## ਮਿਸ਼ਨ ਤੰਦਰੁਸਤ ਪੰਜਾਬ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪੰਜਾਬ

ਨੋਟ: ਕਿਸਾਨ ਹੋਰ ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰਨ:

ਅੰਮ੍ਰਿਤਸਰ: 93577-55200 ਬਰਨਾਲਾ: 94632-92725 ਬਠਿੰਡਾ: 94170-81179 ਫਰੀਦਕੋਟ: 99150-67205 ਫਤਿਹਗੜ੍ਹ ਸਾਹਿਬ: 97589-00047
ਫਾਜ਼ਿਲਕਾ: 98154-95802 ਫਿਰੋਜ਼ਪੁਰ: 81461-00798 ਗੁਰਦਾਸਪੁਰ: 99141-02010 ਹੁਸ਼ਿਆਰਪੁਰ: 97811-26253 ਜਲੰਧਰ: 98143-35432
ਕਪੂਰਥਲਾ: 98724-82201 ਲੁਧਿਆਣਾ: 98886-74820 ਮਾਨਸਾ: 94171-37330 ਸ਼੍ਰੀ ਮੁਕਤਸਰ ਸਾਹਿਬ: 81461-00798 ਮੋਗਾ: 98149-19069
ਨਵਾਂ ਸ਼ਹਿਰ: 88720-26526 ਪਟਿਆਲਾ: 99881-61172 ਪਠਾਨਕੋਟ: 98153-64641 ਰੋਪੜ: 98763-80887 ਸੰਗਰੂਰ: 97792-13097
ਐਸ.ਏ.ਐਸ.ਨਗਰ: 83607-97205 ਤਰਨ ਤਾਰਨ: 98153-86450

ਵਧੇਰੇ ਜਾਣਕਾਰੀ ਲਈ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ ਨੰਬਰ 1800-180-1551 ਤੇ ਸਵੇਰੇ 6.00 ਵਜੇ ਤੋਂ ਰਾਤ ਦੇ 10-00 ਵਜੇ ਤੱਕ ਮੁਫ਼ਤ ਸਲਾਹ ਲੈ ਸਕਦੇ ਹੋ।

# ਕਿਸਾਨ ਵੀਰੋ ਸਾਵਧਾਨ

- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਦਾਣੇਦਾਰ ਕਾਰਟਾਪ ਅਤੇ ਫਿਪਰੋਨਿਲ ਦਵਾਈਆਂ ਦੀ ਝੋਨੇ ਲਈ ਸਿਫਾਰਿਸ਼ ਨਹੀ ਕੀਤੀ ਗਈ ਹੈ।
- ਇਸ ਕਰਕੇ ਝੋਨੇ ਲਈ ਇਨ੍ਹਾਂ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਬਿਲਕੁਲ ਨਾ ਕਰੋ ਅਤੇ ਖੇਤੀ ਖਰਚੇ ਘਟਾਓ।

**ਮਿਸ਼ਨ ਤੰਦਰੁਸਤ ਪੰਜਾਬ ਅਤੇ**
**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪੰਜਾਬ**

ਨੋਟ: ਕਿਸਾਨ ਹੋਰ ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰਨ:

ਅੰਮ੍ਰਿਤਸਰ: 93577-55200 ਬਰਨਾਲਾ: 94632-92725 ਬਠਿੰਡਾ: 94170-81179 ਫਰੀਦਕੋਟ: 99150-67205 ਫਤਿਹਗੜ੍ਹ ਸਾਹਿਬ: 97589-00047
ਫਾਜ਼ਿਲਕਾ: 98154-95802 ਫਿਰੋਜ਼ਪੁਰ: 81461-00798 ਗੁਰਦਾਸਪੁਰ: 99141-02010 ਹੁਸ਼ਿਆਰਪੁਰ: 97811-26253 ਜਲੰਧਰ: 98143-35432
ਕਪੂਰਥਲਾ: 98724-82201 ਲੁਧਿਆਣਾ: 98886-74820 ਮਾਨਸਾ: 94171-37330 ਸ੍ਰੀ ਮੁਕਤਸਰ ਸਾਹਿਬ: 81461-00798 ਮੋਗਾ: 98149-19069
ਨਵਾਂ ਸ਼ਹਿਰ: 88720-26526 ਪਟਿਆਲਾ: 99881-61172 ਪਠਾਨਕੋਟ: 98153-64641 ਰੋਪੜ: 98763-80887 ਸੰਗਰੂਰ: 97792-13097
ਐਸ.ਏ.ਐਸ.ਨਗਰ: 83607-97205 ਤਰਨ ਤਾਰਨ: 98153-86450

ਵਧੇਰੇ ਜਾਣਕਾਰੀ ਲਈ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ ਨੰਬਰ 1800-180-1551 ਤੇ ਸਵੇਰੇ 6.00 ਵਜੇ ਤੋਂ ਰਾਤ ਦੇ 10-00 ਵਜੇ ਤੱਕ ਮੁਫਤ ਸਲਾਹ ਲੈ ਸਕਦੇ ਹੋ।

# ਨਰਮੇ/ ਕਪਾਹ ਦੀ ਕਾਸ਼ਤ ਲਈ ਕੁੱਝ ਜਰੂਰੀ ਨੁਕਤੇ

- ਕਿਸਾਨ ਵੀਰੋ ।ਆਪਣੇ ਨਰਮੇ ਦੇ ਖੇਤਾਂ ਦਾ ਚਿੱਟੀ ਮੱਖੀ ਅਤੇ ਹਰਾ ਤੇਲਾ ਅਤੇ ਥਰਿਪਸ ਵਾਸਤੇ ਲਗਾਤਾਰ ਸਰਵੇਖਣ ਕਰੋ। ਬਾਗਾਂ ਦੇ ਨੇੜੇ ਬੀਜੇ ਨਰਮੇ ਤੇ ਚਿੱਟੀ ਮੱਖੀ ਦਾ ਹਮਲਾ ਵਧੇਰੇ ਹੁੰਦਾ ਹੈ।
- ਫਸਲ ਨੂੰ ਸੋਕਾ ਨਾ ਲੱਗਣ ਦਿਓ ਕਿਉਂ ਕਿ ਔੜ ਵਿੱਚ ਚਿੱਟੀ ਮੱਖੀ ਅਤੇ ਭੂਰੀ ਜੂੰ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ ਅਤੇ ਭਾਰੀ ਬਾਰਿਸ਼ਾਂ ਕਾਰਨ ਫਸਲ ਵਿੱਚ ਖੜ੍ਹੇ ਪਾਣੀ ਦਾ ਤੁਰੰਤ ਨਿਕਾਸ ਕਰ ਦਿੱਤਾ ਜਾਵੇ।
- ਪੀਲੇ ਚਿਪਕੂ ਕਾਰਡ 40 ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿੱਚ ਲਗਾਓ।
- ਕੀਟਨਾਸ਼ਕਾਂ ਨਾਲ ਚਿੱਟੀ ਮੱਖੀ ਦੀ ਰੋਕਥਾਮ ਉਦੋਂ ਕਰੋ ਜਦੋਂ ਨਰਮੇ ਦੇ ਉੱਪਰਲੇ ਹਿੱਸੇ ਵਿੱਚ ਸਵੇਰੇ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ 6 ਬਾਲਗ ਪ੍ਰਤੀ ਪੱਤਾ ਹੋਵੇ। ਫਸਲ ਦੀ ਸ਼ੁਰੂਆਤੀ ਅਵਸਥਾ ਵਿੱਚ ਜਦੋਂ ਚਿੱਟੀ ਮੱਖੀ ਦੇ ਬਾਲਗ ਪ੍ਰਤੀ ਪੱਤਾ 4 ਤੱਕ ਹੋਣ ਉਸ ਸਮੇਂ ਨਿਬੀਸੀਡੀਨ ਜਾਂ ਅਚੂਕ 1 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।
- ਚਿੱਟੀ ਮੱਖੀ ਦਾ ਜਿਆਦਾ ਹਮਲਾ ਹੋਣ ਤੇ 80 ਗ੍ਰਾਮ ਫਲੋਨੀਕਾਮਿਡ 50 ਡਬਲਯੂ ਜੀ (ਉਲਾਲਾ) ਜਾਂ 60 ਗ੍ਰਾਮ ਡਾਇਨੋਟੇਫੂਰਾਨ 20 ਐਸ ਜੀ (ਓਸ਼ੀਨ) ਜਾਂ 200 ਗ੍ਰਾਮ ਡਾਇਆਫੈਨਥੀਯੂਰੋਨ 50 ਡਬਲਯੂ ਪੀ (ਪੋਲੋ/ਰੂਬੀ/ਲੂਡੋ/ਸੇਕੂ) ਦਾ ਛਿੜਕਾਅ ਕਰੋ।
- ਚਿੱਟੀ ਮੱਖੀ ਦੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲਿਟਰ ਪਾਈਰੀਪ੍ਰੋਕਸੀਫਿਨ 10 ਈ ਸੀ (ਲੈਨੋ) ਜਾਂ 200 ਮਿਲੀਲਿਟਰ ਸਾਈਪਰੋਮੈਸੀਫਿਨ 22.9 ਐਸ ਸੀ (ਓਬਰੋਨ/ਵੋਲਟੇਜ) ਦਾ ਛਿੜਕਾਅ ਕਰੋ।
- ਹਰੇ ਤੇਲੇ ਦੀ ਰੋਕਥਾਮ ਲਈ ਉਸ ਸਮੇਂ ਛਿੜਕਾਅ ਕਰੋ ਜਦੋਂ ਨਰਮੇ ਦੇ 50 ਪ੍ਰਤੀਸ਼ਤ ਬੂਟਿਆਂ ਦੇ ਉੱਪਰਲੇ ਹਿੱਸੇ ਦੇ ਪੂਰੇ ਬਣ ਚੁੱਕੇ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਕੇ ਹੇਠਾਂ ਵੱਲ ਮੁੜਨੇ ਸ਼ੁਰੂ ਹੋ ਜਾਣ। ਹਰੇ ਤੇਲੇ ਦੀ ਰੋਕਥਾਮ ਲਈ 60 ਗ੍ਰਾਮ ਡਾਇਨੋਟੇਫੂਰਾਨ 20 ਐਸ ਜੀ (ਓਸ਼ੀਨ) ਜਾਂ 80 ਗ੍ਰਾਮ ਫਲੋਨੀਕਾਮਿਡ 50 ਡਬਲਯੂ ਜੀ (ਉਲਾਲਾ) ਜਾਂ 40 ਗ੍ਰਾਮ ਥਾਇਆਮੀਥੋਕਸਾਮ 50 ਡਬਲਯੂ ਜੀ (ਐਕਟਾਰਾ/ਐਕਸਟਰਾ ਸੁਪਰ/ਦੋਤਾਰਾ) ਜਾਂ 40 ਮਿਲੀਲਿਟਰ ਇਮੀਡਾਕਲੋਪਰਿਡ 17.8 ਐਸ ਐਲ (ਇਮੀਡਾਸਿਲ/ਮਾਰਕਡੋਰ/ਕੋਨੀਫੀਡੋਰ) ਨੂੰ 125-150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।
- ਜੇਕਰ ਥਰਿਪ ਦਾ ਹਮਲਾ ਨਜਰ ਆਵੇ ਤਾਂ ਤੁਰੰਤ ਖੇਤ ਨੂੰ ਪਾਣੀ ਲਾ ਦਿਓ। ਜਿਆਦਾ ਹਮਲਾ ਹੋਣ ਤੇ 500 ਮਿਲੀਲਿਟਰ ਪ੍ਰੋਫੈਨੋਫਾਸ 50 ਈ ਸੀ (ਕਿਊਰਾਕਰਾਨ ) ਦਾ ਛਿੜਕਾਅ ਕਰੋ। ਜੇਕਰ ਚਿੱਟੀ ਮੱਖੀ ਅਤੇ ਭੂਰੀ ਜੂੰ ਦੋਵਾਂ ਦਾ ਹਮਲਾ ਨਜਰ ਆਵੇ ਤਾਂ 200 ਗ੍ਰਾਮ ਡਾਇਫੈਨੀਥੂਯੂਰਾਨ 50 ਡਬਲਯੂ ਪੀ (ਪੋਲੋ) ਜਾਂ ਈਥੀਆਨ 50 ਈ ਸੀ (ਫੋਸਮਾਈਟ) ਦਾ ਛਿੜਕਾਅ ਕਰੋ।
- ਜੇਕਰ ਪੈਰਾਵਿਲਟ ਦਾ ਹਮਲਾ ਨਜਰ ਆਵੇ ਤਾਂ ਤੁਰੰਤ ਹੀ 24 ਘੰਟੇ ਦੇ ਅੰਦਰ ਕੋਬਾਲਟ ਕਲੋਰਾਇਡ 1 ਗ੍ਰਾਮ ਪ੍ਰਤੀ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।
- ਸਿਫਾਰਸ਼ ਕੀਤੀਆਂ ਕੀੜੇਮਾਰ ਜਹਿਰਾਂ ਸਹੀ ਸਮੇਂ ਤੇ ਸਿਫਾਰਸ਼ ਮਾਤਰਾ ਵਿੱਚ ਹੀ ਵਰਤੋ। ਕੀੜਿਆਂ ਦੀ ਅਸਰਦਾਰ ਰੋਕਥਾਮ ਲਈ ਬੂਟੇ ਦੇ ਉੱਪਰ ਤੋਂ ਹੇਠਾਂ ਤੱਕ ਸਾਰੇ ਪੱਤਿਆਂ ਤੇ ਛਿੜਕਾਅ ਪਹੁੰਚਣਾ ਬਹੁਤ ਜਰੂਰੀ ਹੈ।
- ਵਧੇਰੇ ਝਾੜ ਲੈਣ ਲਈ ਫਸਲ ਤੇ ਫੁੱਲ ਡੋਡੀ ਸ਼ੁਰੂ ਹੋਣ ਤੇ ਪੋਟਾਸ਼ੀਅਮ ਨਾਈਟਰੇਟ (13:0:45) ਦਾ ਦੋ ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ 100-125 ਲਿਟਰ ਪਾਣੀ ਵਿੱਚ ਘੋਲ ਕੇ ਹਫਤ-ਹਫਤੇ ਦੇ ਵਕਫੇ ਤੇ 4 ਸਪਰੇਆਂ ਕਰਨੀਆਂ ਲਾਹੇਵੰਦ ਹਨ। ਇਹ ਕਿਸੇ ਵੀ ਹੋਰ ਸਪਰੇਅ ਦੇ ਨਾਲ ਮਿਲਾ ਕੇ ਕੀਤੀ ਜਾ ਸਕਦੀ ਹੈ।

ਜਾਰੀ ਕਰਤਾ

## ਮਿਸ਼ਨ ਤੰਦਰੁਸਤ ਪੰਜਾਬ ਅਤੇ
## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪੰਜਾਬ

ਚੰਗੀ ਸਿਹਤ ਚੰਗੀ ਸੋਚ ਤੰਦਰੁਸਤ PUNJAB

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ: ਬਠਿੰਡਾ-94170-81179 , 0164-2240558, ਸ਼੍ਰੀ ਮੁਕਤਸਰ-81461-00798, 01633-262634, ਫਾਜਿਲਕਾ-81461-00798 , 01638-261083, ਬਰਨਾਲਾ 99150-67205, 01679-243709, ਮਾਨਸਾ-94170-81179, 01652-227226, ਸੰਗਰੂਰ-98886-74820 , 01672-234220, ਫਰੀਦਕੋਟ-99150-67205, 01639-250058, ਮੋਗਾ 94171-37330, 01636-236882

ਵਧੇਰੇ ਜਾਣਕਾਰੀ ਲਈ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ ਨੰਬਰ 1800-180-1551 'ਤੇ ਸਵੇਰੇ 6.00 ਵਜੇ ਤੋਂ ਰਾਤ ਦੇ 10-00 ਵਜੇ ਤੱਕ ਮੁਫਤ ਸਲਾਹ ਲੈ ਸਕਦੇ ਹੋ

# "ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉ"
# "ਸਗੋਂ ਇਸ ਨੂੰ ਮਿੱਟੀ ਵਿੱਚ ਹੀ ਮਿਲਾਉ"

## ਪਰਾਲੀ ਸਾਂਭਣ ਲਈ ਮਸ਼ੀਨਾਂ ਦੀ ਅਰਜ਼ੀਆਂ ਦੀ ਮੰਗ ਬਾਰੇ ਨੋਟਿਸ

ਖੇਤੀਬਾੜੀ ਵਿਭਾਗ ਵੱਲੋਂ ਝੋਨੇ ਦੀ ਪਰਾਲੀ ਨੂੰ ਸਾਂਭ ਸੰਭਾਲ ਕਰਨ ਲਈ ਚਲਾਈ ਜਾ ਰਹੀ **"ਸੈਂਟਰਲ ਸੈਕਟਰ ਸਕੀਮ ਆਨ ਪ੍ਰੋਮੋਸ਼ਨ ਆਫ ਐਗਰੀਕਲਚਰਲ ਮੈਕੇਨਾਈਜੇਸ਼ਨ ਫਾਰ ਇਨ-ਸਿਟੂ ਮੈਨੇਜਮੈਂਟ ਆਫ ਕਰਾਪ ਰੈਜ਼ੀਡਿਊ ਇਨ ਦ ਸਟੇਟਸ ਆਫ ਪੰਜਾਬ ਅਤੇ ਹੋਰ"** ਸਕੀਮ ਦੇ ਤਹਿਤ ਹੁਣ ਕੰਬਾਈਨ ਹਾਰਵੈਸਟਰ ਮਸ਼ੀਨਾਂ ਨਾਲ ਲੱਗਣ ਵਾਲੀ ਸੁਪਰ ਐਸ.ਐਮ.ਐਸ ਅਟੈਚਮੈਂਟ ਅਤੇ ਹੈਪੀ ਸੀਡਰ ਬਾਬਤ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਅਰਜ਼ੀਆਂ ਭਾਰਤ ਸਰਕਾਰ ਦੇ ਆਨਲਾਈਨ ਪੋਰਟਲ agrimachinery.nic.in ਅਤੇ ਬਲਾਕ ਖੇਤੀਬਾੜੀ ਅਫਸਰ, ਮੁੱਖ ਖੇਤੀਬਾੜੀ ਅਫਸਰ ਦੇ ਦਫਤਰਾਂ ਵਿੱਚ ਮਿਤੀ: 22.08.2018 ਤੱਕ ਲਈਆਂ ਜਾਣਗੀਆਂ। ਇਸ ਤੋਂ ਇਲਾਵਾ ਪੈਡੀ ਸਟਰਾਅ ਚੌਪਰ ਸ਼ਰੈਡਰ, ਮਲਚਰ, ਰਿਵਰਸੀਬਲ ਮੋਲਡ ਬੋਰਡ ਪਲੋਅ, ਰੋਟਰੀ ਸਲੈਸ਼ਰ ਤੇ ਸ਼ਰੱਬ ਮਾਸਟਰ/ ਕਟਰ ਕਮ ਸਪਰੈਡਰ ਬਾਬਤ ਅਰਜ਼ੀਆਂ ਵੀ ਦਿੱਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਦਾ ਨਿਪਟਾਰਾ ਭਾਰਤ ਸਰਕਾਰ ਵੱਲੋਂ ਉਪਲੱਬਧ ਕਰਵਾਏ ਜਾਣ ਵਾਲੇ ਫੰਡਾਂ ਵਿਚੋਂ ਉਸ ਅਨੁਸਾਰ ਹੀ ਕੀਤਾ ਜਾਵੇਗਾ।

ਨੋਟ:ਜਿਨ੍ਹਾਂ ਕਿਸਾਨਾਂ ਵੱਲੋਂ ਪਹਿਲਾਂ ਅਰਜੀਆਂ ਦਿੱਤੀਆਂ ਜਾ ਚੁਕੀਆਂ ਹਨ, ਉਨ੍ਹਾਂ ਨੂੰ ਦੁਬਾਰਾ ਅਰਜ਼ੀਆਂ ਦੇਣ ਦੀ ਜ਼ਰੂਰਤ ਨਹੀ ਹੈ।

## ਮਿਸ਼ਨ ਤੰਦਰੁਸਤ ਪੰਜਾਬ ਅਤੇ
## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪੰਜਾਬ

ਵਧੇਰੇ ਜਾਣਕਾਰੀ ਲਈ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ ਨੰਬਰ 1800-180-1551, ਤੇ ਸਵੇਰੇ 6.00 ਵਜੇ ਤੋਂ ਰਾਤ ਦੇ 10-00 ਵਜੇ ਤੱਕ ਮੁਫਤ ਸਲਾਹ ਲੈ ਸਕਦੇ ਹੋ।